ਵਿਚਾਰ-ਚਰਚਾ

# ਇਕ ਵਜ਼ੀਰ, ਇਕ ਕਲਰਕ ਅਤੇ ਸਾਧਾਰਨ ਲੋਕ

ਗੁਰਸ਼ਰਨ ਸਿੰਘ

ਇਕ ਖ਼ਬਰ ਅਨੁਸਾਰ ਸੰਗਰੂਰ ਦੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਲਰਕਾਂ ਨੇ ਹੜਤਾਲ ਤੇ ਵਿਖਾਵੇ ਕੀਤੇ ਕਿਉਂਕਿ ਉਨ੍ਹਾਂ ਨੂੰ ਰੋਸ ਸੀ ਕਿ ਅਕਾਲੀ ਵਜ਼ੀਰ ਗੋਬਿੰਦ ਸਿੰਘ ਕਾਂਝਲਾ ਨੇ ਏ.ਡੀ.ਸੀ. ਦੇ ਸਟੈਨੋ ਪਵਨ ਕੁਮਾਰ ਨੂੰ ਬੁਲਾ ਕੇ ਉਹਨੂੰ ਗਾਲ੍ਹਾਂ ਕੱਢੀਆਂ ਹਨ। ਕਰਮਚਾਰੀਆਂ ਦੀ ਯੂਨੀਅਨ ਨੇ ਇਹ ਮਾਮਲਾ ਆਪਣੇ ਹੱਥ ਲਿਆ ਹੈ। ਇਹ ਘਟਨਾ ਵਜ਼ੀਰ ਬਨਾਮ ਕਲਰਕ ਬਨਾਮ ਸਾਧਾਰਨ ਲੋਕ ਬਨਾਮ ਕਰਮਚਾਰੀ ਯੂਨੀਅਨ ਸਾਡੇ ਵਿਚਾਰ ਦੀ ਮੰਗ ਕਰਦੀ ਹੈ।

ਗਾਲ੍ਹਾਂ ਦਾ ਵਰਤਾਰਾ ਅਤੇ ਉਹ ਵੀ ਮਾਂ-ਭੈਣ ਦੀਆਂ ਗਾਲ੍ਹਾਂ ਸਾਡੀ ਰੋਜ਼ ਦੀ ਜ਼ਿੰਦਗੀ ਦਾ ਅੰਗ ਬਣਿਆ ਹੋਇਆ ਹੈ ਅਤੇ ਇਹ ਵਰਤਾਰਾ ਬੜਾ ਹੀ ਗੈਰ ਸੰਵੇਦਨਸ਼ੀਲ ਹੈ। ਇਹ ਵਰਤਾਰਾ ਸਾਡੀ ਅੱੜਬ ਅਤੇ ਕਥਿਤ ਖਾੜਕੂ ਜ਼ਹਿਨੀਅਤ ਦੀ ਦੇਣ ਹੈ। ਸਾਡਾ ਇਕ ਖਾੜਕੂ ਵਿਰਸਾ ਹੈ, ਸਾਨੂੰ ਇਹਦੇ ਤੇ ਮਾਣ ਹੋਣਾ ਚਾਹੀਦਾ ਹੈ ਪਰ ਬਹੁਤੀ ਵਾਰੀ ਇਹ ਖਾੜਕੂ ਵਿਰਸਾ ਮਾਣ ਦੀ ਲਕੀਰ ਟੱਪ ਕੇ ਅਭੀਮਾਨ ਦਾ ਰੂਪ ਧਾਰ ਜਾਂਦਾ ਹੈ। ਸਰਦਾਰਾਂ ਅਤੇ ਅੱਜਕੱਲ੍ਹ ਅਕਾਲੀ ਵਜ਼ੀਰਾਂ ਵਿਚ ਇਹ ਪੂਰੀ ਤਰ੍ਹਾਂ ਹਾਵੀ ਹੋਇਆ ਹੋਇਆ ਹੈ। ਥੋੜ੍ਹਾ ਜਿਹਾ ਗੁੱਸਾ ਚੜ੍ਹਿਆ ਨਹੀਂ ਕਿ ਗਾਲ੍ਹਾਂ ਦੀ ਬੁਛਾੜ ਉਨ੍ਹਾਂ ਦੇ ਮੂੰਹੋਂ ਨਿਕਲ ਜਾਂਦੀ ਹੈ ਅਖੇ ਅਸੀਂ ਤਾਂ ਅਗਲੇ ਨੂੰ ਤੁੰਨ ਦੇਣਾ ਹੈ। ਸੰਵੇਦਨਸ਼ੀਲਤਾ ਦੀ ਸਾਡੇ ਵਿਚ ਰੱਜ ਕੇ ਘਾਟ ਹੈ ਅਤੇ ਜ਼ੁਬਾਨ ਦਾ ਅੱਖੜਪੁਣਾ ਸਾਡੇ ਵਿਚ ਪੂਰੇ ਜਲੌਅ ਵਿਚ ਹਾਜ਼ਰ ਹੈ। ਕਾਂਝਲਾ ਭਾਵੇਂ ਬਾਅਦ ਵਿਚ ਇਨਕਾਰ ਕਰ ਰਿਹਾ ਹੈ ਕਿ ਉਹਨੇ ਗਾਲ੍ਹਾਂ ਵਰਗੀ ਕੋਈ ਜ਼ੁਬਾਨ ਨਹੀਂ ਵਰਤੀ ਪਰ ਇਹ ਉਸਨੇ ਵਰਤੀ ਹੈ ਅਤੇ ਇਹ ਸੁਭਾਵਕ ਹੀ ਵਰਤੀ ਗਈ ਹੋਣੀ ਹੈ, ਕਿਉਂਕਿ ਇਹ ਵੱਡੇ ਲੋਕਾਂ ਦਾ ਹੁਣ ਕਿਰਦਾਰ ਦਾ ਹਿੱਸਾ ਹੈ। ਇਸ ਦੀ ਜਿੰਨੀ ਵੀ ਨਿਖੇਧਤਾ ਕੀਤੀ ਜਾਏ, ਓਨੀ ਹੀ ਥੋੜ੍ਹੀ ਹੈ।

ਦੂਜੇ ਪਾਸੇ ਦੀ ਗੱਲ ਲੈਣੀ ਜ਼ਰੂਰੀ ਹੈ। ਪਵਨ ਕੁਮਾਰ ਨਾਲ ਕਿਸੇ ਨੂੰ ਹਮਦਰਦੀ ਹੋ ਸਕਦੀ ਹੈ ਜਾਂ ਨਹੀਂ, ਇਹ ਇਕ ਵੱਖਰੀ ਗੱਲ ਹੈ। ਜਿਥੋਂ ਤੱਕ ਆਮ ਲੋਕਾਂ ਦਾ ਸਬੰਧ ਹੈ, ਸਰਕਾਰੀ ਦਫਤਰਾਂ ਵਿਚ ਇਹ ਬਾਬੂ, ਉਹਨਾਂ ਨਾਲ ਰੱਜ ਕੇ ਬਦਸਲੂਕੀ ਕਰਦੇ ਹਨ। ਕਰਮਚਾਰੀ ਯੂਨੀਅਨਾਂ ਵਿਚ ਜਾਂ ਕਹਿ ਲਵੋ ਦਰਮਿਆਨੇ ਤਬਕੇ ਦੀ ਸਮੁੱਚੀ ਟਰੇਡ ਯੂਨੀਅਨ ਲਹਿਰ ਵਿਚ ਅਜਿਹੀ ਬਦਸਲੂਕੀ ਦਾ ਨੋਟਿਸ ਲਿਆ ਜਾਣਾ ਚਾਹੀਦਾ ਹੈ। ਛੋਟੇ ਮੁਲਾਜ਼ਮਾਂ ਦੀ ਰਿਸ਼ਵਤਖੋਰੀ ਅਤੇ ਆਮ ਆਦਮੀ ਵੱਲ ਬਦਸਲੂਕੀ ਨਜ਼ਰਅੰਦਾਜ਼ ਨਹੀਂ ਕੀਤੀ ਜਾਣੀ ਚਾਹੀਦੀ। ਜੇ ਦਲੀਲ ਇਹ ਹੋਵੇ ਕਿ ਇਹ ਵਿਚਾਰਾ ਕੀ ਕਰੇ ਜੇ ਬਾਬੂ ਲੈਂਦੇ ਹਨ, ਬਾਬੂ ਵਿਚਾਰੇ ਕੀ ਕਰਨ ਜੇ ਅਫ਼ਸਰ ਲੈਂਦੇ ਹਨ, ਅਫਸਰ ਵਿਚਾਰੇ ਕੀ ਕਰਨ, ਜੇ ਵਜ਼ੀਰ ਲੈਂਦੇ ਹਨ, ਫੇਰ ਸਵਾਲ ਉਠਦਾ ਹੈ ਕਿ ਲੋਕ ਵਿਚਾਰੇ ਕੀ ਕਰਨ? ਹੁਣ ਇਕ ਬਾਬੂ ਅਤੇ ਇਕ ਵਜ਼ੀਰ ਦੇ ਦਰਮਿਆਨ ਰੱਫੜ ਪਿਆ ਹੈ ਤਾਂ ਬਹੁਤ ਕੁਝ ਸਾਹਮਣੇ ਆਇਆ ਹੈ। ਪਰ ਇਹ ਗੈਰ ਕੁਦਰਤੀ ਨਹੀਂ ਕਿ ਇਹ ਰੱਫੜ ਵਿਚੋਲਗਿਰੀ ਨਾਲ ਮੁਕਾ ਲਿਆ ਜਾਏਗਾ ਕਿਉਂਕਿ ਗੱਲ ਅੱਗੇ ਵਧੇ ਤਾਂ ਵਜ਼ੀਰ ਦੀ ਆਪਹੁਦਰੀ ਵੀ ਅਤੇ ਬਾਬੂ ਦੀ ਰਿਸ਼ਵਤਖੋਰੀ ਲੋਕਾਂ ਸਾਹਮਣੇ ਨੰਗੀ ਹੋ ਜਾਏਗੀ।

ਇਹ ਸਾਫ਼ ਹੈ ਕਿ ਸਾਧਾਰਨ ਬੰਦਿਆਂ ਦੀ ਖਾਸ ਕਰਕੇ ਪੇਂਡੂ ਜਨਤਾ ਦੀ ਸਰਕਾਰੀ ਦਫਤਰਾਂ ਵਿਚ ਬੜੀ ਖੱਜਲ ਖੁਆਰੀ ਹੁੰਦੀ ਹੈ ਅਤੇ ਇਹ ਖੱਜਲ ਖੁਆਰੀ ਜ਼ਾਹਰਾ ਤੌਰ 'ਤੇ ਬਾਬੂਆਂ ਵੱਲੋਂ ਹੀ ਹੁੰਦੀ ਹੈ। ਤੰਗ ਹੋਏ ਲੋਕ, ਚੁਣੇ ਹੋਏ ਨੁਮਾਇੰਦਿਆਂ ਅੱਗੇ ਆਪਣਾ ਗੁੱਸਾ ਜ਼ਾਹਰ ਕਰਦੇ ਹਨ। ਉਨ੍ਹਾਂ ਨੂੰ ਠੰਡਿਆਂ ਕਰਨ ਲਈ ਕਦੀ-ਕਦੀ ਵਜ਼ੀਰ ਉਹੋ ਜਿਹੀ ਕਾਰਵਾਈ ਕਰ ਹੀ ਲੈਂਦੇ ਹਨ, ਜਿਹੜੀ ਗੋਬਿੰਦ ਸਿੰਘ ਕਾਂਝਲਾ ਨੇ ਪਵਨ ਕੁਮਾਰ ਵਿਰੁੱਧ ਕੀਤੀ ਹੈ। ਉਂਝ ਕੁਲ ਕਾਰਵਾਈ ਦਾ ਨਤੀਜਾ ਜ਼ੀਰੋ ਹੀ ਹੋਵੇਗਾ। ਅੱਜਕੱਲ੍ਹ ਇਕ ਹੋਰ ਵਜ਼ੀਰ ਸ੍ਰੀ ਇੰਦਰਜੀਤ ਸਿੰਘ ਜ਼ੀਰਾ ਡਾਕਟਰਾਂ ਅਤੇ ਮਾਸਟਰਾਂ ਦੇ ਮਗਰ ਪਿਆ ਹੋਇਆ ਹੈ। ਬੁਨਿਆਦੀ ਪ੍ਰਬੰਧ ਠੀਕ ਨਹੀਂ ਕਰਨਾ। ਸ਼ੁਰਲੀਮਾਰਕਾ ਕਾਰਵਾਈ ਕਰਨੀ ਹੈ ਤੇ ਅਖ਼ਬਾਰਾਂ ਵਿਚ ਚਰਚਾ ਕਰਵਾਉਣੀ ਹੈ। ਖਾਣ-ਪੀਣ ਵਾਲੇ ਲੋਕ ਵਿਚੋਂ ਸਭ ਇਕ ਹਨ। ਭ੍ਰਿਸ਼ਟ ਸਿਸਟਮ ਵਿਚ ਚਪੜਾਸੀ ਵੀ ਹਿੱਸੇਦਾਰ ਹੈ, ਬਾਬੂ ਵੀ ਹਿੱਸੇਦਾਰ ਹੈ, ਅਫ਼ਸਰ ਵੀ ਹਿੱਸੇਦਾਰ ਹੈ, ਅਫ਼ਸਰ ਦਾ ਅਫਸਰ ਵੀ ਹਿੱਸੇਦਾਰ ਹੈ ਅਤੇ ਵਜ਼ੀਰ ਵੀ ਹਿੱਸੇਦਾਰ ਹੈ। ਸਿਸਟਮ ਚਲਦਾ ਰਹਿੰਦਾ ਹੈ। ਕਦੀ ਕਦੀ ਕੋਈ ਤ੍ਰੇੜ ਆ ਜਾਂਦੀ ਹੈ, ਜਿਸ ਤਰ੍ਹਾਂ ਗੋਬਿੰਦ ਸਿੰਘ ਕਾਂਝਲਾ ਅਤੇ ਪਵਨ ਕੁਮਾਰ ਦੇ ਦਰਮਿਆਨ ਆ ਗਈ ਹੈ।

ਸਾਡੀ ਹਮਦਰਦੀ ਪਵਨ ਕੁਮਾਰ ਨਾਲ ਹੈ, ਕਿਉਂਕਿ ਵਜ਼ੀਰ ਨੇ ਉਹਨੂੰ ਗਾਲ੍ਹ ਕੱਢੀ ਹੈ ਪਰ ਇਸ ਹਮਦਰਦੀ ਨਾਲ ਇਹ ਗੱਲ ਜੁੜਨੀ ਚਾਹੀਦੀ ਹੈ ਕਿ ਸਰਕਾਰੀ ਅਮਲਾ ਸਾਧਾਰਨ ਲੋਕਾਂ ਨੂੰ ਤੰਗ-ਪਰੇਸ਼ਾਨ ਕਰਦਾ ਹੈ। ਟਰੇਡ ਯੂਨੀਅਨ ਲਹਿਰ ਦੇ ਆਗੂਆਂ ਵੱਲੋਂ ਇਹ ਦੇਖਣਾ ਜ਼ਰੂਰੀ ਹੈ ਕਿ ਜਿਥੇ ਇਹ ਲਹਿਰ ਕਰਮਚਾਰੀਆਂ ਦੇ ਹੱਕਾਂ ਦੀ ਰਖਵਾਲੀ ਕਰਦੀ ਹੈ ਉਥੇ ਇਹ ਵੀ ਜ਼ਰੂਰੀ ਹੈ ਕਿ ਯੂਨੀਅਨ ਦੇ ਅਸਰ ਥੱਲੇ ਕਰਮਚਾਰੀਆਂ ਨੂੰ ਚੇਤਨ ਕੀਤਾ ਜਾਏ ਕਿ ਉਹ ਲੋਕਾਂ ਨਾਲ ਸਹੀ ਵਤੀਰਾ ਅਪਨਾਉਣ। ਲਹਿਰ ਲਈ ਇਹ ਇਕ ਵੱਡਾ ਅਤੇ ਜ਼ਰੂਰੀ ਕੰਮ ਹੈ।